# ਆਈ. ਟੀ. ਆਈ. ਦੇ ਦਾਖਲੇ ਦਾ ਨੋਟਿਸ

## ਦਾਖਲਾ ਸਾਲ 2020

## ਖੁੱਲ੍ਹੇ ਦਾਖਲੇ ਲਈ ਆਖਰੀ ਮੌਕਾ

## (ON THE SPOT ITI ADMISSION)

ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਕਰਫਾਟਸਮੈਨ ਸਕੀਮ ਤਹਿਤ ਵੱਖ ਵੱਖ ਟਰੇਡਾਂ ਦੇ ਦਾਖਲੇ ਲਈ ਚਾਹਵਾਨ ਉਮੀਦਵਾਰ ਜੋ ਵਿਭਾਗ ਦੇ ਦਾਖਲਾ ਪੋਰਟਲ/ ਵੈਬਸਾਇਟ ਤੇ ਰਜਿਸਟਰ ਹੋ ਚੁੱਕੇ ਹਨ ਅਤੇ ਅਜਿਹੇ ਉਮੀਦਵਾਰ ਜੋ ਅਜੇ ਤੱਕ ਵੈੱਬਸਾਇਟ ਤੇ ਰਜਿਸਟਰ ਨਹੀਂ ਹੋਏ ਹਨ। ਡੀ.ਜੀ.ਟੀ. ਭਾਰਤ ਸਰਕਾਰ ਨਵੀਂ ਦਿੱਲੀ ਵਲੋਂ ਕੋਵਿਡ-19 ਕਾਰਨ ਪੈਦਾ ਹੋਈਆਂ ਮੁਸ਼ਕਿਲਾਂ ਨੂੰ ਧਿਆਨ ਵਿਚ ਰਖਦੇ ਹੋਏ ਸੀ.ਟੀ.ਐਸ. ਸਕੀਮ ਤਹਿਤ ਦਾਖਲੇ ਦੀਆਂ ਮਿਤੀਆਂ ਵਿਚ 16-01-2021 ਤੱਕ ਵਾਧਾ ਕੀਤਾ ਗਿਆ ਹੈ।

ਦਾਖਲੇ ਲਈ ਚਾਹਵਾਨ ਉਮੀਦਵਾਰ ਸੰਸਥਾਵਾਂ ਵਿਖੇ ਖਾਲੀ ਰਹਿ ਗਈਆਂ ਸੀਟਾਂ ਵਿੱਚ, ਅਸਲ ਦਸਤਾਵੇਜਾਂ ਸਮੇਤ ਰਿਪੋਰਟ ਕਰਦੇ ਹੋਏ ਦਾਖਲਾ ਪ੍ਰਾਪਤ ਕਰ ਸਕਦੇ ਹਨ। ਉਮੀਦਵਾਰ ਖੁਦ ਵੀ ਵਿਭਾਗ ਦੇ ਦਾਖਲਾ ਪੋਰਟਲ/ ਵੈਬਸਾਇਟ www.itipunjab.nic.in ਤੇ 24 ਘੰਟੇ ਰਜਿਸਟਰ ਕਰ ਸਕਦੇ ਹਨ ।

ਇਸ ਦਾਖਲੇ ਉਪਰੰਤ ਕਲਾਸਾਂ ਮਿਤੀ: 18-01-2021 ਤੋਂ ਲਗਣੀਆਂ ਸ਼ੁਰੂ ਹੋਣਗੀਆਂ।

ਦਾਖਲੇ ਸਬੰਧੀ ਵਿਸਥਾਰ ਪੂਰਵਕ ਹਦਾਇਤਾਂ ਅਤੇ ਗਾਈਡ ਲਾਈਨਜ਼ ਵੈਬਸਾਈਟ www.itipunjab.nic.in ਤੇ ਉਪਲਬੱਧ ਹਨ, ਨੂੰ ਪੜ੍ਹ ਲਿਆ ਜਾਵੇ। ਜੇਕਰ ਆਨ ਲਾਈਨ ਦਾਖਲੇ ਲਈ ਅਪਲਾਈ ਕਰਨ ਵਿਚ ਦਿੱਕਤ ਪੇਸ਼ ਆਉਂਦੀ ਹੈ ਤਾਂ ਉਮੀਦਵਾਰ ਆਪਣੇ ਨੇੜੇ ਦੀ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਵਿਚ COVID-19 ਸਬੰਧੀ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਦੇ ਹੋਏ, ਸੰਸਥਾਵਾਂ ਵਿਚ ਸਥਾਪਿਤ help desk ਤੇ ਕਿਸੇ ਵੀ ਦਿਨ ਨਿੱਜੀ ਤੌਰ ਤੇ ਜਾਂ ਈ-ਮੇਲ ਆਈ.ਡੀ. itiadmission2020@gmail.com ਜਾਂ ਫੋਨ ਨੰ: 0172-5022357 ਤੇ ਸੰਪਰਕ ਕਰ ਸਕਦਾ ਹੈ।

ਉਪਰੋਕਤ ਤੋਂ ਇਲਾਵਾ ਸਮੇਂ-ਸਮੇਂ ਤੇ ਜਾਰੀ ਬਾਕੀ ਦੀਆਂ ਹਦਾਇਤਾਂ ਪਹਿਲਾਂ ਵਾਂਗ ਲਾਗੂ ਰਹਿਣਗੀਆਂ।

2. **ਨਿਉ ਵੋਕੇਸ਼ਨਲ ਵੈਲਫੇਅਰ ਟ੍ਰੇਨਿੰਗ** ਸਕੀਮ ਤਹਿਤ ਕੇਵਲ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਦੇ ਦਾਖਲੇ ਲਈ ਮਿਤੀ: 18-10-2020 ਨੂੰ ਦਾਖਲਾ ਨੋਟਿਸ ਜਾਰੀ ਕੀਤਾ ਗਿਆ ਸੀ, ਦੀ ਲਗਾਤਾਰਤਾ ਵਿਚ ਰਾਜ ਅਧੀਨ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਐਨ.ਸੀ.ਵੀ.ਟੀ./ ਐਸ.ਸੀ.ਵੀ.ਟੀ. ਨਾਲ ਐਫੀਲੇਟਿਡ ਟਰੇਡਾਂ ਵਿਚ ਖਾਲੀ ਰਹਿ ਗਈਆਂ ਸੀਟਾਂ ਦੇ ਦਾਖਲੇ ਲਈ, ਮਿਤੀ: 16-01-2021 ਨੂੰ ਦੁਪਿਹਰ 01 ਵਜੇ ਤੱਕ ਅਰਜੀਆਂ ਦੇ ਸਕਦੇ ਹਨ, ਮੈਰਿਟ ਦੇ ਆਧਾਰ ਤੇ ਬਾਦ ਦੁਪਿਹਰ ਦਾਖਲਾ ਹੋਵੇਗਾ। ਦਾਖਲੇ ਸਬੰਧੀ ਵਿਸਥਾਰ ਪੂਰਵਕ ਮੁਕੰਮਲ ਜਾਣਕਾਰੀ/ ਹਦਾਇਤਾਂ ਸਬੰਧੀ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਤੋਂ ਪਤਾ ਕੀਤਾ ਜਾ ਸਕਦਾ ਹੈ।

ਮਿਤੀ: 08-01-2021

ਕੁਮਾਰ ਸੌਰਭ ਰਾਜ ਆਈ ਏ ਐਸ
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।